# ਦਫਤਰ ਉਪ ਮੰਡਲ ਮੈਜਿਸਟਰੇਟ, ਮੋਰਿੰਡਾ।

## ਹੁਕਮ:

ਦਫਤਰ ਸਿਵਲ ਸਰਜਨ, ਰੂਪਨਗਰ ਵੱਲੋਂ ਪੱਤਰ ਨੰ: IDSP/2020/2106 ਮਿਤੀ 29/08/2020 ਰਾਹੀਂ ਇਸ ਸਬ-ਡਵੀਜਨ ਦੇ ਪਿੰਡ ਰਣਜੀਤਪੁਰਾ ਦੀ ਇਕ ਫੈਕਟਰੀ ਢੀਂਡਸਾ ਟ੍ਰੇਡਰਜ਼ ਵਿੱਚ ਪੰਜ ਤੋਂ ਵੱਧ ਵਿਅਕਤੀਆਂ ਦੀ ਕੋਰੋਨਾ ਰਿਪੋਰਟ ਪੋਜ਼ੀਟਿਵ ਆਉਣ ਪੁਸ਼ਟੀ ਕੀਤੀ ਗਈ ਹੈ। ਸਿਵਲ ਸਰਜਨ, ਰੂਪਨਗਰ ਦੇ ਪੱਤਰ ਨੰ: IDSP/2020/2106 ਮਿਤੀ 29/08/2007 ਮਿਤੀ 29/08/2020 ਰਾਹੀਂ ਮਾਮਲਾ ਜਿਲ੍ਹਾ ਟੈਕਨੀਕਲ ਕਮੇਟੀ, ਰੂਪਨਗਰ ਵਿੱਚ ਪੇਸ਼ ਕੀਤਾ ਗਿਆ ਅਤੇ ਸਬੰਧਤ ਏਰੀਏ ਨੂੰ Micro Containment Zone ਘੋਸ਼ਿਤ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਕੋਰੋਨਾ ਵਾਇਰਸ ਦੀ ਬਿਮਾਰੀ ਦੀ ਗੰਭੀਰਤਾ ਅਤੇ ਆਪ ਲੋਕਾ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਮਾਨਯੋਗ ਡਿਪਟੀ ਕਮਿਸ਼ਨਰ ਜੀ ਦੇ ਹੁਕਮਾਂ ਅਤੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੇ ਪਿੱਠ ਅੰਕਣ ਨੰ: Covid-19/NHM/1476 ਮਿਤੀ 18/06/2020 ਰਾਹੀਂ ਜਾਰੀ ਗਾਇਡ ਲਾਇਨਜ਼ ਮੁਤਾਬਿਕ ਢੀਂਡਸਾ ਟ੍ਰੇਡਰਜ਼, ਰਣਜੀਤਪੁਰਾ ਰੋਡ, ਰਣਜੀਤਪੁਰਾ, ਤਹਿਸੀਲ ਮੋਰਿੰਡਾ, ਜਿਲ੍ਹਾ ਰੂਪਨਗਰ ਨੂੰ Micro Containment Zone ਘੋਸ਼ਿਤ ਕਰਦੇ ਹੋਏ ਮਿਤੀ 29/08/2020 ਤੋਂ ਮਿਤੀ 07/09/2020 ਤੱਕ ਮੁਕੰਮਲ ਤੋਰ ਤੇ ਸੀਲ ਕੀਤਾ ਜਾਂਦਾ ਹੈ । ਇਸ ਖੇਤਰ ਵਿੱਚ ਕਿਸੇ ਵੀ ਕਿਸਮ ਦੇ ਇੱਕਠ ਤੇ ਪਾਬੰਦੀ ਹੋਵੇਗੀ। Micro Containment Zone ਵਿੱਚੋ ਕਿਸੇ ਨੂੰ ਵੀ ਬਾਹਰ ਜਾਣ ਦੀ ਅਤੇ ਅੰਦਰ ਆਉਣ ਦੀ ਇਜਾਜਤ ਨਹੀਂ ਹੋਵੇਗੀ। ਕੇਵਲ ਮੈਡੀਕਲ ਐਮਰਜੈਂਸੀ ਦੇ ਕੇਸ ਵਿੱਚ ਹੀ ਪੜਤਾਲ ਤੋਂ ਬਾਅਦ ਬਾਹਰ ਜਾਣ ਦੀ ਪ੍ਰਵਾਨਗੀ ਹੋਵੇਗੀ। ਇਸ ਖੇਤਰ ਵਿੱਚ ਹਰ ਆਉਣ ਜਾਣ ਵਾਲੇ ਵਿਅਕਤੀਆਂ ਦਾ ਰਿਕਾਰਡ ਰੱਖਿਆ ਜਾਵੇਗਾ:

**Micro Containment Zone**

| ਲੜੀ ਨੰ: | ਕੋਰੋਨਾ ਪੋਜ਼ਟੀਵ ਕੇਸਾ ਨਾਲ ਸਬੰਧਤ ਖੇਤਰ | ਕੋਰੋਨਾ ਪੋਜ਼ਟੀਵ ਕੇਸ਼ਾ ਦੇ ਖੇਤਰ ਦੇ ਨਾਲ ਲੱਗਦਾ ਏਰੀਆ |
|---|---|---|
| 1 | ਢੀਂਡਸਾ ਟ੍ਰੇਡਰਜ਼ ਰਣਜੀਤਪੁਰ ਰੋਡ, ਰਣਜੀਤਪੁਰਾ, ਤਹਿਸੀਲ ਮੋਰਿੰਡਾ , ਜ਼ਿਲ੍ਹਾ ਰੂਪਨਗਰ | ਰਣਜੀਤਪੁਰਾ ਰੋਡ, ਢੀਂਡਸਾ ਟ੍ਰੇਡਰਜ਼ |

ਉਕਤ ਮਾਈ ਕਰੋਕਨਟੇਨਮੈਂਟ ਜੋਨ ਵਿੱਚ ਲੋੜੀਂ ਦੇ ਪ੍ਰਬੰਧਾਂ ਲਈ ਹੇਠ ਲਿਖੇ ਅਨੁਸਾਰ ਅਧਿਕਾਰੀਆਂਦੀਆਂ ਡਿਊਟੀਆਂ ਲਗਾਈਆਂ ਜਾਂਦੀਆਂਹਨ। ਅਧਿਕਾਰੀ ਆਪਣੇ ਆਪਣੇ ਵਿਭਾਗ ਦੀ ਟੀਮ ਜਾਂ ਉਹਨਾਂ ਅਧਿਕਾਰੀਆਂ /ਕਰਮਚਾਰੀਆਂ ਜਿਹਨਾਂ ਨੇ ਉਕਤ ਖੇਤਰ ਵਿੱਚ ਪ੍ਰਬੰਧ ਕਰਨੇ ਹਨ, ਦੇ ਵੇਰਵੇ/ਰੋਸਟਰ ਭੇਜ ਕੇ ਇਸ ਖੇਤਰ ਵਿੱਚ ਆਉਣ ਜਾਣ ਸਬੰਧੀ ਨਿਮਨਹਸਤਾਖ਼ਰ ਤੋਂ ਆਗਿਆ ਲੈਣਗੇ:-

| ਲੜੀ ਨੰ: | ਅਧਿਕਾਰੀਦਾਨਾਮ | ਡਿਊਟੀਦਾਵੇਰਵਾ |
|---|---|---|
| 1 | ਉਪ ਪੁਲਿਸ ਕਪਤਾਨ ਮੋਰਿੰਡਾ। (ਰਾਹੀਂ ਸੀਨੀਅਰ ਪੁਲਿਸ ਕਪਤਾਨ, ਰੂਪਨਗਰ) | 1. ਭਾਰਤ ਸਰਕਾਰ ਵੱਲੋਂ ਜਾਰੀ Containment Plan, Covid-19 ਲਾਗੂ ਕਰਵਾਉਣ ਲਈ ਢੀਂਡਸਾ ਟ੍ਰੇਡਰਜ਼, ਰਣਜੀਤਪੁਰਾ ਰੋਡ, ਰਣਜੀਤਪੁਰਾ ਤਹਿਸੀਲ ਮੋਰਿੰਡਾ, ਜਿਲ੍ਹਾ ਰੂਪਨਗਰ ਵਿਖੇ ਲੋੜੀਂ ਦੀ ਫੋਰਸ ਮੁਹੱਈਆ ਕਰਵਾਉਣਗੇ।<br>2. ਇਸ ਖੇਤਰ ਵਿੱਚ ਕੋਈ ਵੀ ਸਰਕਾਰੀ ਵਾਹਨ ਆਉਂਦਾ ਹੈ ਤਾਂ ਬਲਾਕ ਵਿਕਾਸ ਤੇਪੰਚਾਇਤ ਅਫਸਰ , ਮੋਰਿੰਡਾ ਦੀ ਨਿਗਰਾਨੀ ਵਿੱਚ ਸੈਨੀ ਟਾਈਜ਼ ਕਰ ਕੇ ਹੀ ਬਾਹਰ ਭੇਜਿਆ ਜਾਵੇ।<br>3. ਮੈਡੀਕਲ ਟੀਮ ਨਾਲ ਕੋਆਰਡੀਨੇਟ ਕਰਨਗੇ।<br>4. ਇਸ ਖੇਤਰ ਵਿੱਚ ਅੰਦਰ ਆਉਣ ਵਾਲੇ ਅਤੇ ਬਾਹਰ ਜਾਣ ਵਾਲੇ |

| | | |
|---|---|---|
| | | ਰਸਤੇ ਦੀ 24 ਘੰਟੇ ਨਿਗਰਾਨੀ ਰੱਖਣਗੇ।<br>**5.** ਲੋਕਾਂ ਨੂੰ 24 ਘੰਟੇ ਘਰ ਦੇ ਅੰਦਰ ਰੱਖਣ ਲਈ ਕਰਫਿਊ ਨੂੰ ਮੁਨੀਟਰ ਕਰਨਗੇ।<br>6. ਇਸ ਖੇਤਰ ਵਿੱਚ ਟੀਮ ਬਣਾਈ ਜਾਵੇ ਕਿ ਕੋਰੋਨਾ ਪਾਜੀਟਵ ਵਿਅਕਤੀ ਕਿਹੜੇ-ਕਿਹੜੇ ਵਿਅਕਤੀਆਂ ਦੇ ਸੰਪਰਕ ਵਿੱਚ ਆਏ ਹਨ। ਇਸ ਸਬੰਧੀ ਸੂਚਨਾਂ ਤੁਰੰਤ ਮੁਹੱਈਆ ਕਰਵਾਈ ਜਾਵੇ। |
| **2** | ਸਿਵਲ ਸਰਜਨ ਰੂਪਨਗਰ। | 1. ਭਾਰਤ ਸਰਕਾਰ ਵੱਲੋਂ ਜਾਰੀ Containment Plan, Covid-19 ਦੀ ਪਾਲਣਾ ਕਰਵਾਉਣ ਦੇ ਓਵਰਆਲ ਇੰਚਾਰਜ ਹੋਣਗੇ।<br>2. ਮੈਡੀਕਲ ਟੀਮਾਂ 24 ਘੰਟੇ ਉਕਤ ਖੇਤਰ ਵਿੱਚ ਮੁਹੱਈਆ ਕਰਵਾਉਣ ਦੇ ਜਿੰਮੇਵਾਰ ਹੋਣਗੇ।ਇਹ ਟੀਮਾਂ Containment Plan Covid-19 ਮੁਤਾਬਿਕ ਕੰਮ ਕਰਨਗੀਆਂ।<br>3. ਸਕਰੀਨਿੰਗ ਟੀਮ ਬਣਾਈ ਜਾਵੇ ਜਿਸ ਵੱਲੋਂ Positive Case ਵਿਅਕਤੀਆਂ ਦੇ ਸੰਪਰਕ ਵਿੱਚ ਆਏ ਵਿਅਕਤੀਆਂ ਦਾ ਚੈੱਕ ਅੱਪ ਕੀਤਾ ਜਾਵੇ।<br>4. ਉਕਤ ਖੇਤਰ ਵਿੱਚ ਤੈਨਾਤ ਡਿਊਟੀ ਕਰਮਚਾਰੀਆਂ ਨੂੰ ਮਾਸਕ ਤੇ ਸੈਨੀਟਾਇਜ਼ਰ ਮੁਹੱਈਆਂ ਕਰਵਾਉਣਗੇ।<br>5. ਸਬੰਧਤ ਖੇਤਰ ਵਿੱਚ ਸਰਵੇ ਦੌਰਾਨ 60 ਸਾਲਾ ਤੋਂ ਉਪਰ ਦੇ ਵਿਅਕਤੀ/Co-Morbid ਕੰਡੀਸ਼ਨ ਵਾਲੇ ਵਿਅਕਤੀ ਅਤੇ ਪਿਛਲੇ 15 ਦਿਨਾਂ ਵਿੱਚ ਬਾਹਰ ਜਾ ਕੇ ਆਏ ਵਿਅਕਤੀਆਂ ਦਾ ਰਿਕਾਰਡ ਤਿਆਰ ਕਰਨਗੇ ਅਤੇ 14 ਦਿਨਾਂ ਲਈ ਕੁਆਰਨਟੀਨ ਕਰਨਗੇ। |
| **3** | ਉਪ ਮੰਡਲ ਅਫਸਰ, ਲੋਕ ਨਿਰਮਾਣ ਵਿਭਾਗ, ਮੋਰਿੰਡਾ | ਭਾਰਤ ਸਰਕਾਰ ਵੱਲੋਂ ਜਾਰੀ Containment Plan, Covid-19 ਦੀ ਪਾਲਣਾ ਵਿੱਚ ਉਕਤ ਖੇਤਰ ਨੂੰ ਸੀਲ ਕਰਨਵਾਸ ਤੇ ਬੈਰੀਕੇਡਿੰਗ ਆਦਿ ਦਾ ਕੰਮ ਕਰਵਾਉਣਗੇ। |
| **4** | ਉਪ ਮੰਡਲ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਵਿਭਾਗ, ਮੋਰਿੰਡਾ। | ਉਕਤ ਖੇਤਰ ਵਿੱਚ ਪੀਣ ਵਾਲੇ ਪਾਣੀ ਦੀ ਨਿਰਵਿਘਨ ਸਪਲਾਈ ਕਰਵਾਉਣ ਦੇ ਜਿੰਮੇਵਾਰ ਹੋਣਗੇ। |
| **5** | ਉਪ ਮੰਡਲ ਅਫਸ਼ਰ, ਪੀ.ਐਸ.ਪੀ.ਸੀ.ਐਲ. (ਅਰਬਨ), ਮੋਰਿੰਡਾ। | ਉਕਤ ਖੇਤਰ ਵਿੱਚ ਬਿਜਲੀ ਦੀ ਨਿਰਵਿਘਨ ਸਪਲਾਈ ਕਰਵਾਉਣ ਦੇ ਜਿੰਮੇਵਾਰ ਹੋਣਗੇ। |
| **6** | 1. ਜਿਲ੍ਹਾ ਮੰਡੀ ਅਫਸ਼ਰ, ਰੂਪਨਗਰ।<br>2. ਡੀ.ਆਰ. ਸਹਿਕਾਰੀ ਸਭਾਵਾਂ, ਰੂਪਨਗਰ।<br>3. ਸਹਾਇਕ ਜਿਲ੍ਹਾ ਫੂਡ ਸਪਲਾਈ ਅਫਸ਼ਰ, ਮੋਰਿੰਡਾ। | ਉਕਤ ਖੇਤਰ ਵਿੱਚ ਜਰੂਰੀ ਸਮਾਨ ਜਿਵੇ ਕਿਰਾਸ਼ਨ, ਸਬਜੀਆਂ, ਫਲ ਅਤੇ ਹੋਰ ਜਰੂਰੀ ਵਸਤੂਆਂ ਮੁਹੱਈਆਂ ਕਰਵਾਉਣ ਦੇ ਜਿੰਮੇਵਾਰ ਹੋਣਗੇ। |
| **7** | 1. ਤਹਿਸੀਲਦਾਰ ਮੋਰਿੰਡਾ।<br>2. ਨਾਇਬ ਤਹਿਸੀਲਦਾਰ ਮੋਰਿੰਡਾ। | ਉਕਤ ਖੇਤਰ ਵਿੱਚ ਮਿਤੀ 29/08/2020 ਤੋਂ ਅਗਲੇ ਹੁਕਮਾਂ ਤੱਕ ਬਤੌਰ ਸਪੈਸ਼ਲ ਕਾਰਜਕਾਰੀ ਮੈਜਿਸਟਰੇਟ ਲਗਾਈ ਜਾਂਦੀ ਹੈ। |
| **8** | ਬਲਾਕ ਵਿਕਾਸ ਅਤੇ ਪੰਚਾਇਤ | ਉਕਤ ਖੇਤਰ ਵਿੱਚ ਸਪਰੇਅ ਕਰਵਾਉਣ ਲਈ ਜਿੰਮੇਵਾਰ ਹੋਣਗੇ। |

| | | |
|---|---|---|
| | ਅਫਸਰ,ਮੋਰਿੰਡਾ। | |
| 9 | ਵੈਟਨਰੀ ਅਫਸ਼ਰ, ਸਿਵਲ ਵੈਟਨਰੀ ਹਸਪਤਾਲ, ਢੰਗਰਾਲੀ। | ਉਕਤ ਖੇਤਰ ਵਿੱਚ ਪਸ਼ੂ-ਧਨ ਦੀ ਦੇਖਭਾਲ/ਸਾਂਭ-ਸੰਭਾਲ ਅਤੇ ਇਲਾਜ ਲਈ ਜਿੰਮੇਵਾਰ ਹੋਣਗੇ। |
| 10 | ਡਿਪਟੀਡਾਇਰੈਕਟਰ, ਪਸ਼ੂ ਪਾਲਣ ਵਿਭਾਗ ਰੂਪਨਗਰ। | ਇਸ ਖੇਤਰ ਵਿੱਚ ਪਸ਼ੂਆ ਲਈ ਫੀਡ ਸਬੰਧੀ ਜੇਕਰ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਮੁਹੱਈਆਂ ਕਰਵਾਉਣਗੇ। |

**ਨੋਟ:- ਉਕਤ ਡਿਊਟੀਆਂ ਮਿਤੀ 29/08/2020 ਤੋਂ ਅਗਲੇ ਹੁਕਮਾਂ ਤੱਕ ਲਾਗੂ ਹੋਣਗੀਆਂ।**



**ਉਪਮੰਡਲਮੈਜਿਸਟਰੇਟ,**

**ਮੋਰਿੰਡਾ।**

**ਪਿੱਠ ਅੰਕਣ ਨੰ:** 2720-30 **ਮਿਤੀ** 29/08/2020

ਇਸ ਦਾ ਇਕ ਉਤਾਰਾ ਨਿਮਨ-ਲਿਖਤ ਨੂੰ ਸੂਚਨਾਂ/ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।

1. ਸੀਨੀਅਰ ਪੁਲਿਸ ਕਪਤਾਨ, ਰੂਪਨਗਰ।
2. ਸਿਵਲ ਸਰਜਨ ਰੂਪਨਗਰ।
3. ਜਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ, ਰੂਪਨਗਰ।
4. ਡਿਪਟੀ ਡਾਇਰੈਕਟਰ, ਪਸ਼ੂਪਾਲਣ ਵਿਭਾਗ, ਰੂਪਨਗਰ।
5. ਕਾਰਜਕਾਰੀ ਇੰਜੀਨੀਅਰ, ਲੋਕ ਨਿਰਮਾਣ ਵਿਭਾਗ, ਬੀ.ਐਡ.ਆਰ. ਰੂਪਨਗਰ।
6. ਜਿਲ੍ਹਾ ਮੰਡੀ ਅਫਸ਼ਰ ਰੂਪਨਗਰ।
7. ਕਾਰਜਕਾਰੀ ਇੰਜੀਨੀਅਰ, ਪੀ.ਐਸ.ਪੀ.ਸੀ.ਐਲ. ਰੂਪਨਗਰ।
8. ਰਜਿਸਟਰਾਰ, ਸਹਿਕਾਰੀ ਸਭਾਵਾਂ, ਰੂਪਨਗਰ।
9. ਸਮੂਹ ਸਬੰਧਤ ਡਿਊਟੀ ਅਫਸ਼ਰ।
10. ਸਟੈਨੋ ਟੂਏ.ਡੀ.ਸੀ./ ਸਟੈਨੋਟੂਡੀ.ਆਰ.ਓ. ਰੂਪਨਗਰ।

ਨੂੰ ਸੂਚਨਾਂ/ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ਜੀ।



**ਉਪਮੰਡਲਮੈਜਿਸਟਰੇਟ,**

**ਮੋਰਿੰਡਾ।**

**ਪਿੱਠ ਅੰਕਣ ਨੰ:** 2731 **ਮਿਤੀ** 29/08/2020

ਇਸ ਦਾ ਇਕ ਉਤਾਰਾ ਸੇਵਾ ਵਿਖੇ ਡਿਪਟੀ ਕਮਿਸ਼ਨਰ ਰੂਪਨਗਰ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ ਜੀ।



**ਉਪਮੰਡਲਮੈਜਿਸਟਰੇਟ,**

**ਮੋਰਿੰਡਾ।**